ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/21403-443
ਮਿਤੀ,ਚੰਡੀਗੜ੍ਹ 21-4-2011

**ਵਿਸ਼ਾ :-** **ਸੈਸ਼ਨ 2011-12 ਵਿੱਚ ਲਈ ਜਾਣ ਵਾਲੀ ਛੇਵੀਂ ਤੋਂ ਦਸਵੀਂ ਜਮਾਤ ਤੱਕ ਦੀ ਮਹੀਨਾਵਾਰ ਪ੍ਰੀਖਿਆ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸੈਸ਼ਨ 2011-12 ਦਾ ਪਹਿਲਾ ਮਹੀਨਾਵਾਰ ਪ੍ਰੀਖਿਆ ਵੱਖ-ਵੱਖ ਜਮਾਤਾਂ ਵਿੱਚ ਹੋ ਰਹੇ ਲਗਾਤਾਰ ਦਾਖਲੇ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ ਮਿਤੀ 09-05-2011 ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਜਿਸ ਵਿੱਚ ਨੌਵੀਂ ਅਤੇ ਦਸਵੀਂ ਜਮਾਤਾਂ ਦੇ ਪ੍ਰਮੁੱਖ ਛੇ ਵਿਸ਼ਿਆਂ ਗਣਿਤ, ਵਿਗਿਆਨ, ਸਮਾਜਿਕ ਸਿੱਖਿਆ, ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਦਾ ਮਹੀਨਾਵਾਰ ਟੈਸਟ ਲਿਆ ਜਾਵੇਗਾ।

3.0 ਮੁੱਖ ਦਫ਼ਤਰ ਵੱਲੋਂ, ਸਿਰਫ਼ ਨੌਵੀਂ ਅਤੇ ਦਸਵੀਂ ਜਮਾਤ ਲਈ ਕੇਵਲ ਚਾਰ ਵਿਸ਼ਿਆਂ ਦੇ ਗਣਿਤ, ਵਿਗਿਆਨ, ਸਮਾਜਿਕ ਸਿੱਖਿਆ, ਅੰਗਰੇਜ਼ੀ ਦੇ ਪ੍ਰਸ਼ਨ ਪੱਤਰ ਭੇਜੇ ਜਾਣਗੇ ਅਤੇ ਪੇਪਰ ਵਾਲੇ ਦਿਨ ssapunjab.org ਤੇ ਅਪਲੋਡ ਵੀ ਕੀਤੇ ਜਾਣਗੇ।

4.0 ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਛੇਵੀਂ ਤੋਂ ਅੱਠਵੀਂ ਜਮਾਤਾਂ ਦੇ ਵਿਦਿਆਰਥੀਆਂ ਦੇ ਸਰਵ-ਵਿਆਪੀ ਮੁਲਾਂਕਣ ਕਰਨ ਲਈ ਤਿਆਰ ਕੀਤੇ ਜਾ ਰਹੇ ਸੀ.ਸੀ.ਈ. ਮਾਡਲ ਨੂੰ ਅੰਤਿਮ ਰੂਪ ਦੇਣ ਤੱਕ, ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਮੁਲਾਂਕਣ, ਸਕੂਲ ਮੁੱਖੀ, ਸਕੂਲ ਪੱਧਰ ਤੇ ਹੀ ਵਿਸ਼ਾ ਅਧਿਆਪਕ ਤੋਂ ਹੀ ਕਰਵਾਉਣਗੇ ਅਤੇ ਵਿਦਿਆਰਥੀਆਂ ਦੀ ਪਰਫਾਰਮੈਂਸ ਦਾ ਬਕਾਇਦਾ ਰਿਕਾਰਡ ਰੱਖਣਗੇ।

5.0 ਛੇਵੀਂ ਤੋਂ ਅੱਠਵੀਂ ਜਮਾਤਾਂ ਦੇ ਵਿਦਿਆਰਥੀਆਂ ਦਾ ਮਈ, 2011 ਲਈ ਉਪਰੋਕਤ ਛੇ ਵਿਸ਼ਿਆਂ ਦੇ ਮੁਲਾਂਕਣ ਦੀਆਂ ਮਿਤੀਆਂ ਸਕੂਲ ਮੁੱਖੀ ਆਪਣੇ ਪੱਧਰ ਤੇ ਤਹਿ ਕਰਨਗੇ ਅਤੇ ਇਹ ਮੁਲਾਂਕਣ ਪ੍ਰਕ੍ਰਿਆ ਮਿਤੀ 16-05-2011 ਤੱਕ ਮੁਕੰਮਲ ਕਰਨਗੇ।

6.0 ਮਈ 2011 ਵਿੱਚ ਲਏ ਜਾਣ ਵਾਲੇ ਪਹਿਲੇ ਮਹੀਨਾਵਾਰ ਟੈਸਟਾਂ ਦੀ ਡੇਟਸ਼ੀਟ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਮਿਤੀ | ਦਿਨ | ਨੌਵੀਂ | ਦਸਵੀਂ |
|---|---|---|---|---|
| 1. | 09-05-2011 | ਸੋਮਵਾਰ | ਸਮਾਜਿਕ ਸਿੱਖਿਆ | ਅੰਗਰੇਜ਼ੀ |
| 2. | 10-05-2011 | ਮੰਗਲਵਾਰ | ਹਿੰਦੀ | ਹਿੰਦੀ |
| 3. | 11-05-2011 | ਬੁੱਧਵਾਰ | ਅੰਗਰੇਜ਼ੀ | ਸਮਾਜਿਕ ਸਿੱਖਿਆ |
| 4. | 12-05-2011 | ਵੀਰਵਾਰ | ਪੰਜਾਬੀ | ਪੰਜਾਬੀ |
| 5. | 13-05-2011 | ਸ਼ੁੱਕਰਵਾਰ | ਸਾਇੰਸ | ਗਣਿਤ |
| 6. | 16-05-2011 | ਸੋਮਵਾਰ | ਗਣਿਤ | ਸਾਇੰਸ |

**7.0** ਆਪ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਪਰੋਕਤ ਡੇਟਸ਼ੀਟ ਵਿਦਿਆਰਥੀਆਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

8.0 ਮਿਤੀ 26-05-2011 ਤੱਕ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਦੇ ਨਤੀਜੇ ਤਿਆਰ ਕਰ ਲਏ ਜਾਣ ਅਤੇ ਮਿਤੀ 30-05-2011 ਨੂੰ ਸੈਸ਼ਨ 2011-12 ਦੀ ਮਾਪੇ-ਅਧਿਆਪਕ ਮਿਲਣੀ ਕੀਤੀ ਜਾਵੇ ਅਤੇ ਇਸ ਦਾ ਬਕਾਇਦਾ ਰਿਕਾਰਡ ਰੱਖਿਆ ਜਾਵੇ।

8.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**